Tender Heart High school Sec- 33 B chd

Class- 6 Teacher- Ramandeep Kaur

Topic -(ਰੰਗ-ਬਰੰਗੇ ਫੁੱਲ ਅਸੀਂ ਹਾਂ) (ਪਾਠ - 1)

ਸ਼ੁੱਭ ਸਵੇਰ

ਵਿਦਿਆਰਥੀਓ, ਇਸ ਹਫਤੇ ਅਸੀਂ ਛੇਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਵਿਤਾ 'ਰੰਗ-ਬਰੰਗੇ ਫੁੱਲ ਅਸੀਂ ਹਾਂ' ਬਾਰੇ ਵਿਚਾਰ ਚਰਚਾ ਕਰਾਂਗੇ। ਇਹ ਕਵਿਤਾ ਤੁਹਾਡੀ ਪਾਠ ਪੁਸਤਕ ਸੁੱਚੇ ਮੋਤੀ ਪਾਠਮਾਲਾ ਦੇ ਪੰਨਾ ਨੰਬਰ 6 ਅਤੇ ਪੰਨਾ ਨੰਬਰ 7 ਤੇ ਦਰਜ ਹੈ। ਇਸਦਾ ਵਿਸਥਾਰ [illegible]।

ਤੁਸੀਂ ਸਾਰਿਆਂ ਨੇ ਆਪਣੀ ਪਾਠ-ਪੁਸਤਕ ਸਾਹਮਣੇ ਰੱਖ ਕੇ ਇਸ ਪਾਠ ਨੂੰ ਧਿਆਨ ਨਾਲ ਪੜ੍ਹਨਾ ਹੈ। ਤੁਸੀਂ ਇਸ ਕਵਿਤਾ ਨੂੰ ਘੱਟੋ-ਘੱਟ ਦੋ-ਤਿੰਨ ਵਾਰ ਪੜ੍ਹਨਾ ਹੈ। ਤੁਸੀਂ ਕਵਿਤਾ ਦਾ ਵਿਸ਼ਾ ਸਮਝਣ ਦਾ ਯਤਨ ਕਰਨਾ ਹੈ।

ਪਹਿਲਾਂ ਅਸੀਂ ਕਵਿਤਾ ਵਿੱਚ ਆਏ ਸ਼ਬਦ/ਅਰਥ ਵਿਚਾਰਾਂਗੇ।

| | | |
|---|---|---|
| ਰੰਗ-ਬਰੰਗੇ—ਵੱਖ - ਵੱਖ ਰੰਗਾਂ ਦੇ | ਫੁਲਵਾੜੀ—ਫੁੱਲਾਂ ਦਾ ਬਾਗ | ਬੁੱਲ੍ਹੀਂ—ਬੁੱਲ੍ਹਾਂ-ਹੋਠਾਂ 'ਤੇ |
| ਮੁਸਕਾਨ—ਮੁਸਕਰਾਹਟ | ਨੈਣੀਂ—ਅੱਖਾਂ ਵਿੱਚ | ਅਰਮਾਨ—ਇੱਛਾ |
| ਵੰਨ-ਸੁਵੰਨੇ—ਵੱਖ-ਵੱਖ ਤਰ੍ਹਾਂ ਦੇ | ਅੰਬਰ—ਅਕਾਸ਼ | ਨੇਰ੍ਹਾ—ਹਨੇਰਾ |
| ਸੰਭਰਨਾ—ਦੂਰ ਕਰਨਾ | ਭਾਂਤ-ਭਾਂਤ—ਵੱਖ—ਵੱਖ | ਮਾੜੀ—ਵੱਡੀ ਇਮਾਰਤ |
| ਟੀਚੇ—ਨਿਸ਼ਾਨੇ | | |

ਖ਼ਿਆਲ—ਵਿਚਾਰ ਸੁੱਚੇ—ਪਵਿੱਤਰ ਕੂਲ਼ੇ—ਨਰਮ ਪਹਾੜੀ—ਛੋਟਾ ਪਹਾੜ

Date 8.4.24
Page 2

Class 6 Teacher- Ramandeep Kaur

Topic-(ਰੰਗ-ਬਰੰਗੇ ਫੁੱਲ ਅਸੀਂ ਹਾਂ) (ਪਾਠ- 1)

ਪਿਆਰੇ ਬੱਚਿਓ, ਪਹਿਲਾਂ ਅਸੀਂ ਕਵਿਤਾ ਪੜ੍ਹਾਂਗੇ ਅਤੇ ਫਿਰ ਇਸਦੇ ਵਿਸ਼ੇ ਬਾਰੇ ਵਿਚਾਰ ਕਰਾਂਗੇ।

ਆਓ, ਵੇਖਦੇ ਹਾਂ ਕਿ ਭਾਰਤ ਦੀ ਫੁਲਵਾੜੀ ਵਿੱਚ ਕਿਹੜੇ-ਕਿਹੜੇ ਫੁੱਲ ਹਨ।



ਰੰਗ-ਬਰੰਗੇ ਫੁੱਲ ਅਸੀਂ ਹਾਂ,
ਭਾਰਤ ਦੀ ਫੁਲਵਾੜੀ ਦੇ।

ਸਾਡੇ ਬੁੱਲ੍ਹੀਂ ਖਿੜਦੇ ਰਹਿੰਦੇ,
ਫੁੱਲ ਸਦਾ ਮੁਸਕਾਨਾਂ ਦੇ।
ਸਾਡੇ ਨੈਣੀਂ ਲਟਕਣ ਸੁਪਨੇ,
ਸਾਡੇ ਹੀ ਅਰਮਾਨਾਂ ਦੇ।

ਵੰਨ-ਸੁਵੰਨੇ ਪੰਛੀ ਸਾਰੇ,
ਇੱਕੋ ਹੀ ਫੁਲਵਾੜੀ ਦੇ।
ਰੰਗ-ਬਰੰਗੇ ਫੁੱਲ ਅਸੀਂ ਹਾਂ,
ਭਾਰਤ ਦੀ ਫੁਲਵਾੜੀ ਦੇ।

ਟਿਮ-ਟਿਮ ਕਰਦੇ ਨਿੱਕੇ ਤਾਰੇ,
ਹਾਂ ਇੱਕੋ ਹੀ ਅੰਬਰ ਦੇ।
ਬਣ ਕੇ ਸੂਰਜ, ਚੰਦ, ਸਿਤਾਰੇ,
ਹਾਂ ਨੇਰ੍ਹੇ ਨੂੰ ਸੰਭਰਦੇ।

ਭਾਂਤ-ਭਾਂਤ ਦੇ ਵੇਲਾਂ ਬੂਟੇ,
ਹਾਂ ਇੱਕੋ ਹੀ ਮਾੜ੍ਹੀ ਦੇ।
ਰੰਗ-ਬਰੰਗੇ ਫੁੱਲ ਅਸੀਂ ਹਾਂ,
ਭਾਰਤ ਦੀ ਫੁਲਵਾੜੀ ਦੇ।

ਛੋਟੇ-ਛੋਟੇ ਦਿਲ ਨੇ ਭਾਵੇਂ,
ਟੀਚੇ ਸਾਡੇ ਉੱਚੇ ਨੇ।

Date 29
Page

8.4.24 (3)

Class-6

Teacher- Ramandeep kaur

Topic-(ਰੰਗ-ਬਰੰਗੇ ਫੁੱਲ ਅਸੀਂ ਹਾਂ) (ਪਾਠ-1)

ਕਵੀ ਨੇ ਇਸ ਕਵਿਤਾ ਵਿੱਚ ਭਾਰਤ ਦੇਸ਼ ਨੂੰ ਫੁੱਲਾਂ ਦਾ ਬਾਗ ਦੱਸਿਆ ਹੈ ਅਤੇ ਦੇਸ਼ ਦੇ ਸਾਰੇ ਬੱਚਿਆਂ ਨੂੰ ਫੁੱਲਾਂ ਨਾਲ ਤੁਲਨਾਇਆ ਹੈ। ਇਹ ਸਾਰੇ ਬੱਚੇ ਭਾਵ ਫੁੱਲ ਸਦਾ ਹੀ ਖਿੜੇ ਰਹਿਣ, ਇਹਨਾਂ ਦੇ ਚਿਹਰੇ ਤੇ ਸਦਾ ਹੀ ਮੁਸਕਰਾਹਟ ਹੋਏ। ਇਹਨਾਂ ਦੇ ਮਨ ਦੀ ਇੱਛਾ ਸਦਾ ਹੀ ਪੂਰੀ ਹੋਵੇ।

ਭਾਰਤ ਦੀ ਫੁੱਲਵਾੜੀ ਵਿੱਚ ਵੰਨ-ਸੁਵੰਨਤਾ ਹੈ, ਰੰਗ-ਬਰੰਗੇ ਪੰਛੀ ਵੀ ਆਪਣੀ ਚਹਿਕ ਨਾਲ ਖੁਸ਼ੀਆਂ ਵੰਡਦੇ ਹਨ। ਕਵੀ ਚਾਹੁੰਦਾ ਹੈ ਕਿ ਜਿਵੇਂ ਬਾਗ ਵਿੱਚ ਫੁੱਲ ਖਿੜੇ ਰਹਿੰਦੇ ਹਨ ਪੰਛੀ ਚਹਿਕਦੇ ਹਨ ਤੇ ਸਾਡਾ ਭਾਰਤ ਵੀ ਅਜਿਹੇ ਬਾਗ ਵਾਂਗ ਸਦਾ ਹੀ ਪ੍ਰਫੁੱਲਿਤ ਹੋਏ। ਸਾਡੀ ਧਰਤੀ ਤੇ ਕੋਈ ਔਖ ਨਾ ਆਵੇ।

ਆਉਣ ਵਾਲੇ ਸਮੇਂ ਵਿੱਚ ਸਾਰੇ ਬੱਚੇ ਅਜਿਹੇ ਖਿੜ ਜਾਣ ਭਾਵ ਉਹ ਸਾਰੇ ਦੇਸ਼ ਵਿੱਚੋਂ ਅਗਿਆਨਤਾ ਦਾ ਹਨੇਰਾ ਦੂਰ ਕਰ ਦੇਣ ਅਤੇ ਚਾਰ-ਚੁਫੇਰੇ ਗਿਆਨ ਦਾ ਚਾਨਣ ਫੈਲਾ ਦੇਣ।

ਕਵੀ ਬੱਚਿਆਂ ਦੇ ਮੂੰਹੋਂ ਏਕਤਾ ਦੀ ਗੱਲ ਕਰਦਾ ਹੈ। ਭਾਵੇਂ ਇਸ ਧਰਤੀ ਤੇ ਭਾਂਤ-ਭਾਂਤ ਦੇ ਫੁੱਲ ਖਿੜੇ ਹਨ ਭਾਵ ਭਾਂਤ-ਭਾਂਤ ਦੇ ਲੋਕ ਰਹਿੰਦੇ ਹਨ ਪਰ ਸਾਰੇ ਹੀ ਇੱਕੋ ਫੁੱਲਵਾੜੀ ਦੇ ਫੁੱਲ ਹਨ। ਕਿਸੇ ਦੇ ਮਨ ਵਿੱਚ ਕੋਈ ਭੇਦ-ਭਾਵ ਨਹੀਂ ਹੈ।

Date 31.4.24
Page 4

Class-6
Teacher- Ramandeep Kaur

Topic- (ਰੰਗ-ਬਰੰਗੇ ਫੁੱਲ ਅਸੀਂ ਹਾਂ) (ਪਾਠ-1)

ਬੱਚੇ ਵੀ ਹੌਂਸਲੇ ਵਾਲੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਭਾਂਵੇ ਅਸੀਂ ਛੋਟੀ ਉਮਰ ਵਾਲੇ ਹਾਂ ਪਰ ਅੱਜ ਤੋਂ ਹੀ ਸਾਡੇ ਨਿਸ਼ਾਨੇ ਬੁਲੰਦ ਹਨ। ਅਸੀਂ ਆਪਣੇ ਦੇਸ਼ ਵਾਸਤੇ ਕੀ ਕਰਨਾ ਹੈ ? ਜਾਂ ਕੀ ਕਰ ਸਕਦੇ ਹਾਂ ਇਹ ਖਿਆਲ ਅੱਜ ਤੋਂ ਹੀ ਸਾਡੇ ਸੀਨੇ ਅੰਦਰ ਘਰ ਕਰ ਗਿਆ ਹੈ।

* ਸ਼ਬਦਾਂ ਦੇ ਅਰਥ ਲਿਖੋ।

1. ਖਿਆਲ - 3 ਅੰਬਰ -

2. ਮੁਸਕਾਨ - 4 ਰੰਗ-ਬਰੰਗੇ -

ਉਮੀਦ ਹੈ ਪੰਜ ਮਿੰਟ ਦੀ ਬਰੇਕ ਤੋਂ ਬਾਅਦ ਤੁਸੀਂ ਸਾਰਿਆਂ ਨੇ ਵਾਕ ਬਣਾ ਲਏ ਹੋਣਗੇ।

ਆਓ ਹੁਣ ਅੱਗੇ ਪੜ੍ਹੀਏ।

**ਖ਼ਿਆਲ** ਅਸਾਡੇ ਸੀਨੇ ਅੰਦਰ,
ਰੰਗਾ ਵਰਗੇ **ਸੁੱਚੇ** ਨੇ।
ਅਸੀਂ ਹਾਂ **ਕੂਲ਼ੇ** ਗੀਟੇ-ਪੱਥਰ,
ਸਾਰੇ ਇੱਕ **ਪਹਾੜੀ** ਦੇ।
ਰੰਗ-ਬਰੰਗੇ ਫੁੱਲ ਅਸੀਂ ਹਾਂ,
ਭਾਰਤ ਦੀ ਫੁਲਵਾੜੀ ਦੇ। —ਕੇਸਰ ਸਿੰਘ ਨੀਰ



Class-6 Teacher- Ramandeep Kaur

Topic- (ਰੰਗ-ਬਰੰਗੇ ਫੁੱਲ ਅਸੀਂ ਹਾਂ) (ਪਾਠ-1)

ਕਵੀ ਕਹਿ ਰਿਹਾ ਹੈ ਕਿ ਬੱਚਿਆਂ ਦੇ ਖਿਆਲ, ਉਹਨਾਂ ਦੀ ਸੋਚ ਗੰਗਾ ਨਦੀ ਵਰਗੀ ਪਵਿੱਤਰ ਹੈ। ਇਹ ਸਾਰੇ ਬੱਚੇ ਇੱਕੋ ਪਗੜੀ ਦੇ ਨਰਮ-ਨਰਮ ਪੱਥਰ ਹਨ। ਸਾਰਿਆਂ ਵਿੱਚ ਏਕਤਾ ਹੈ। ਅਸੀਂ ਸਾਰੇ ਹੀ ਭਾਰਤ ਦੀ ਧਰਤੀ ਦੇ ਫੁੱਲ ਹਾਂ। ਅਸੀਂ ਇਹ ਉਮੀਦ ਕਰਦੇ ਹਾਂ ਕਿ ਸਾਡੀ ਇਹ ਫੁੱਲਵਾੜੀ ਸਦਾ ਖਿੜੀ ਰਹੇ ਅਤੇ ਅਸੀਂ ਸਾਰੇ ਚਹਿਕਦੇ ਰਹੀਏ।

ਘਰ ਦਾ ਕੰਮ

1. ਤੁਸੀਂ ਪਾਠ-1 ਦੇ ਸ਼ਬਦ/ਅਰਥ ਆਪਣੀ ਕਾਪੀ ਤੇ ਲਿਖਣੇ ਹਨ।

2. ਪੰਨਾ ਨੰਬਰ-9 ਦਾ ਪ੍ਰਸ਼ਨ 1 ਵਾਕ ਬਣਾਓ ਵਿਦਿਆਰਥੀ ਆਪ ਲਿਖਣ ਦਾ ਯਤਨ ਕਰਨਗੇ।

3. ਪੰਨਾ ਨੰਬਰ-9 ਦੇ ਪ੍ਰਸ਼ਨ-2 ਅਤੇ ਪ੍ਰਸ਼ਨ-3 ਪਾਠ-ਪੁਸਤਕ ਤੇ ਹੀ ਹਲ ਕਰਨਾ ਹੈ।

ਧੰਨਵਾਦ

(last page)